# ਠੱਗ ਉਸਤਾਦ



ਇੱਕ ਦਿਨ—
ਉਸਤਾਦ ਗਿਆਨੀ, ਤੁਸੀਂ ਮੇਰੀ ਸ਼ਿਕਾਰ ਦੀ ਯਾਤਰਾ ਨੂੰ ਪੈਸਿਆਂ ਦੀ ਮੁਹਿੰਮ ਬਣਾ ਦਿੱਤਾ!
ਮਹਾਰਾਜ, ਮੈਂ ਆਦਰ ਸਹਿਤ ਆਪਣਾ ਅਨੁਭਵ ਤੇ ਗਿਆਨ ਸਾਂਝਾ ਕਰਨ ਦੀ ਇੱਛਾ ਰੱਖਦਾ ਹਾਂ।
ਉਸਤਾਦ ਜੀ, ਕੀ ਮੈਨੂੰ ਮਸਾਲਿਆਂ ਦੇ ਵਪਾਰ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ?
ਹੁੰਮ... ਮਸਾਲਿਆਂ ਵਿੱਚ ਕੋਈ ਭਵਿੱਖ ਨਹੀਂ, ਮੇਰੇ ਦੋਸਤ।
ਸੱਚਮੁੱਚ ?! ਪਰ ਮੈਂ ਸੁਣਿਆ ਹੈ ਇਸ ਨਾਲ ਕਾਫ਼ੀ ਦੌਲਤ ਆਉਂਦੀ ਹੈ।
ਮਹਾਰਾਜ, ਮੇਰੇ ਰਹੱਸਮਈ ਪੱਥਰ ਝੂਠ ਨਹੀਂ ਬੋਲਦੇ। ਆਪਣੇ ਪੈਸੇ ਨੂੰ 'ਸ਼ੈਂਡ ਇਨਫਰਾਸਟਰੱਕਚਰ ਫੰਡ' ਜਾਂ 'ਆਇਰਨ-ਫੋਰ-ਲਾਈਫ' ਵਿੱਚ ਪੈਸਾ ਲਾਉਣਾ ਸਮਝਦਾਰੀ ਹੋਵੇਗੀ।
ਦਰਅਸਲ, ਜੇ ਤੁਸੀਂ ਮੈਨੂੰ ਆਗਿਆ ਦਿੰਦੇ ਹੋ, ਤਾਂ ਮੈਂ ਤੁਹਾਡੇ ਪੈਸੇ ਦਾ ਨਿਵੇਸ਼ ਕਰਨ ਲਈ ਮਾਣ ਮਹਿਸੂਸ ਕਰਾਂਗਾ। ਬਿਨਾਂ ਕਿਸੇ ਵਾਧੂ ਖ਼ਰਚ ਦੇ!
ਧੰਨਵਾਦ, ਉਸਤਾਦ ਜੀ। ਕਾਸ਼ ਅਸੀਂ ਤੁਹਾਨੂੰ ਪਹਿਲਾਂ ਮਿਲੇ ਹੁੰਦੇ।
ਆਪਣੇ ਵਿੱਤ ਨੂੰ ਸੁਰੱਖਿਅਤ ਕਰਨ ਵਿੱਚ ਕਦੇ ਵੀ ਦੇਰ ਨਹੀਂ ਹੁੰਦੀ।
ਜਾਦੂਈ ਟਿੱਪਸ ਤੇ ਟ੍ਰਿਕਸ... ਇਹ ਤਾਂ ਕਿਸੇ ਯੋਜਨਾ ਨਾਲੋਂ ਜ਼ਿਆਦਾ ਠੱਗੀ ਵਰਗਾ ਲੱਗਦਾ ਹੈ।



ਉਸਤਾਦ ਜੀ, ਤੁਸੀਂ ਵਿੱਤੀ ਸਿੱਖਿਆ ਕਿਸ ਸਕੂਲ ਤੋਂ ਲਈ ਹੈ?
ਮੰਤਰੀ ਜੀ, ਰੱਬੀ ਬਖ਼ਸ਼ਿਸ਼ ਨਾਲ ਮੈਨੂੰ ਰੱਬੀ ਦੂਰਦ੍ਰਿਸ਼ਟੀ ਦੀ ਦਾਤ ਮਿਲੀ ਹੈ।, ਜਿਸ ਨਾਲ ਮੈਂ ਨਫ਼ਾ–ਨੁਕਸਾਨ ਪੱਕੇ ਤੌਰ ’ਤੇ ਦੱਸ ਸਕਦਾ ਹਾਂ।
ਇਹ ਤਾਂ ਕਾਬਿਲ-ਏ-ਤਾਰੀਫ਼ ਹੁਨਰ ਹੈ, ਪਰ ਤੁਸੀਂ ਵਿੱਤ ਮੰਤਰਾਲੇ ਦੀ ਕਿਸੇ ਮੀਟਿੰਗ ਵਿੱਚ ਕਦੇ ਨਜ਼ਰ ਨਹੀਂ ਆਏ।
ਉਹੋ, ਮੈਂ ਸਰਕਾਰੀ ਮੈਂਬਰ ਤੋਂ ਵੱਧ ਇੱਕ ਫ੍ਰੀਲਾਸ ਸਲਾਹਕਾਰ ਹਾਂ।
ਮਤਲਬ ਇਹ ਕਿ ਵਿੱਤੀ ਸਲਾਹ ਦੇਣ ਲਈ ਤੁਹਾਡੇ ਕੋਲ ਨਾ ਤਜਰਬਾ ਹੈ, ਨਾ ਹੀ ਕੋਈ ਪੱਕਾ ਦਰਜਾ।
ਮੰਤਰੀ ਜੀ, ਮੈਂ ਨੰਬਰਾਂ ਦਾ ਜਾਦੂਗਰ ਹਾਂ! ਮੈਨੂੰ ਕੁਝ ਵੀ ਪੁੱਛੋ... ਜਾਰੀ ਰੱਖੋ!
ਠੀਕ ਹੈ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਇਸ ਜੰਗਲ ਵਿੱਚ ਕਿੰਨੇ ਮੱਛਰ ਹਨ?
ਧੜਮ
ਇਹ ਕਿਹੋ ਜਿਹਾ ਬੇਤੁਕਾ ਸਵਾਲ ਹੈ?!
ਇਸਦਾ ਜਵਾਬ ਕੋਈ ਨਹੀਂ ਦੇ ਸਕਦਾ—ਉਸਤਾਦ ਗਿਆਨੀ ਵੀ ਨਹੀਂ।
ਆਦਰ ਸਹਿਤ, ਮਹਾਰਾਜ, ਮੈਂ ਤੁਹਾਨੂੰ ਸਹੀ ਗਿਣਤੀ ਦੱਸ ਸਕਦਾ ਹਾਂ, ਜੇ ਤੁਸੀਂ ਮੈਨੂੰ 100 ਸੋਨੇ ਦੇ ਸਿੱਕੇ ਦਿੰਦੇ ਹੋ।
ਲਓ, ਇਹ ਰਹੇ। ਹੁਣ ਦੱਸੋ।
ਇਸ ਜੰਗਲ ਵਿੱਚ 87,56,943 ਮੱਛਰ ਹਨ।




*ਉਸਤਾਦ ਜੀ ਵਾਂਗ, ਬਹੁਤ ਸਾਰੇ ਠੱਗ ਆਨਲਾਈਨ ਵਿੱਤੀ ਸਲਾਹ ਦਿੰਦੇ ਹਨ, ਬਿਨਾਂ ਠੀਕ ਯੋਗਤਾ, ਰਜਿਸਟਰ ਹੋਏ, ਇਸ ਤਰ੍ਹਾ ਨਿਵੇਸ਼ਕਾਂ ਨੂੰ ਗੁੰਮਰਾਹ ਤੇ ਧੋਖਾਧੜੀ ਵਾਲੀਆਂ ਯੋਜਨਾਵਾਂ ਵੱਲ ਘੱਲਦੇ ਹਨ। ਯਾਦ ਰੱਖੋ ਕਿ ਕਿਸੇ ਦੀ ਸਲਾਹ ’ਤੇ ਭਰੋਸਾ ਕਰਨ ਤੋਂ ਪਹਿਲਾਂ ਹਮੇਸ਼ਾ ਉਸ ਦੀਆਂ ਯੋਗਤਾਵਾਂ ਦੀ ਜਾਂਚ ਕਰੋ। ਸੁਚੇਤ ਅਤੇ ਜਾਗਰੂਕ ਹੋ ਕੇ ਠੱਗੀ ਤੋਂ ਬਚੋਂ।*



# ਗਤੀਵਿਧੀ

ਤੁਹਾਡੇ ਕੋਲ ਤਿੰਨ ਨਿਵੇਸ਼ ਸਲਾਹਕਾਰਾਂ ਨੇ ਤੁਹਾਡੀ ਵਿੱਤੀ ਯੋਜਨਾ ਵਿੱਚ ਮਦਦ ਲਈ ਸੰਪਰਕ ਕੀਤਾ ਹੈ। ਹਾਲਾਂਕਿ, ਸਿਰਫ ਇੱਕ ਭਰੋਸੇਯੋਗ ਹੈ ਜੋ ਧੋਖਾਧੜੀ ਤੋਂ ਬਿਨਾਂ ਸੁਰੱਖਿਅਤ ਲੈਣ-ਦੇਣ ਯਕੀਨੀ ਬਣਾਏਗਾ।
ਕੀ ਤੁਸੀਂ ਅਨੁਮਾਨ ਲਗਾ ਸਕਦੇ ਹੋ ਕਿ ਉਹ ਕੌਣ ਹੈ?



### ਮਿਸਟਰ ਪਿਯੂਸ਼

- ਉਹ ਆਪਣੇ ਆਪ ਨੂੰ ਇੱਕ ਪ੍ਰਸਿੱਧ ਨਿਵੇਸ਼ ਕੰਪਨੀ ਦਾ ਮੈਨੇਜਰ ਦੱਸਦਾ ਹੈ
- ਕਹਿੰਦਾ ਹੈ ਕਿ ਉਹ ਬਾਅਦ ਵਿੱਚ ਆਪਣੀ SEBI ਰਜਿਸਟ੍ਰੇਸ਼ਨ ਦੀ ਜਾਣਕਾਰੀ ਦੇਵੇਗਾ
- ਉਹ ਦਿਲਚਸਪ ਯੋਜਨਾਵਾਂ ਦੱਸਦਾ ਹੈ ਜੋ ਸਿਰਫ ਕੁਝ ਸਮੇਂ ਲਈ ਉਪਲਬਧ ਹਨ।
- ਉਹ ਜਲਦਬਾਜ਼ੀ ਦਿਖਾਂਦਾ ਹੈ ਤਾਂ ਜੋ ਤੁਸੀਂ ਮੌਕਾ ਹੱਥੋਂ ਨਾ ਗਵਾ ਬੈਠੋ।



### ਸੁਮਨ ਸ਼ਰਮਾ

- ਉਹ ਤੁਹਾਡੇ ਇਲਾਕੇ ਵਿੱਚ ਵਿੱਤੀ ਸਲਾਹਕਾਰ ਵਜੋਂ ਕੰਮ ਕਰਦਾ ਹੈ।
- ਇਹ ਦਾਅਵਾ ਕਰਦਾ ਹੈ ਕਿ ਉਸਨੇ ਨਿਵੇਸ਼ ਦੇ ਖੇਤਰ ਵਿੱਚ 20 ਸਾਲ ਦਾ ਤਜਰਬਾ ਪ੍ਰਾਪਤ ਕੀਤਾ ਹੈ, ਪਰ ਉਹ SEBI ਵਿੱਚ ਰਜਿਸਟਰਡ ਨਹੀਂ ਹੈ।
- ਉਹ ਤੁਹਾਨੂੰ ਆਪਣੇ ਪੱਖ ਵਿੱਚ ਕਰਨ ਲਈ ਜ਼ਰੂਰਤ ਤੋਂ ਵੱਧ ਤਾਰੀਫ਼ਾਂ ਤੇ ਵਾਅਦੇ ਕਰਦਾ ਹੈ।



### ਰਾਮੂ ਕਾਕਾ

- ਇੱਕ ਨਿਵੇਸ਼ ਸਲਾਹਕਾਰ ਫਰਮ ਵਿੱਚ ਕੰਮ ਕਰਦਾ ਹੈ।
- ਆਪਣਾ ਆਈਡੀ ਕਾਰਡ ਅਤੇ SEBI ਰਜਿਸਟ੍ਰੇਸ਼ਨ ਵੇਰਵੇ ਸਾਂਝੇ ਕਰਦੇ ਹਨ।
- ਉਹ ਤੁਹਾਡੇ ਨਿੱਜੀ ਤੇ ਵਿੱਤੀ ਮਕਸਦਾਂ ਬਾਰੇ ਗੱਲ ਕਰਦਾ ਹੈ।
- ਉਹ ਅਸੰਭਵ ਲਾਭਾਂ ਦੇ ਵਾਅਦੇ ਨਹੀਂ ਕਰਦਾ।

ਉੱਤਰ: ਹਾਂ, ਇਹ ਰਾਮੂ ਕਾਕਾ ਹੈ। ਸੱਚੇ ਸਲਾਹਕਾਰ ਹਮੇਸ਼ਾ ਆਪਣੀਆਂ ਯੋਗਤਾਵਾਂ ਅਤੇ ਜਾਣਕਾਰੀਆਂ ਸਾਂਝੀਆਂ ਕਰਦੇ ਹਨ, ਜਦਕਿ ਝੂਠੇ ਗੁਰੂ ਲੋਕਾਂ ਨੂੰ ਫਸਾਉਣ ਲਈ ਵਧੇਰੇ ਤਾਰੀਫ਼ਾਂ ਅਤੇ ਹੋਰ ਤਰੀਕੇ ਵਰਤਦੇ ਹਨ।